ਵਿਸ਼ਾ ਪੰਜਾਬੀ ਚੋਣਵੀਂ ਜਮਾਤ ਬਾਰ੍ਹਵੀਂ

# ਨਿਬੰਧ ਅਤੇ ਇਸ ਦੇ ਤੱਤ:

ਨਿਬੰਧ ਆਧੁਨਿਕ ਵਾਰਤਕ ਦਾ ਇੱਕ ਚਰਚਿਤ ਅਤੇ ਬੇਹਤਰੀਨ ਰੂਪ ਹੈ। ਇਹ ਵਾਰਤਕ ਰੂਪ ਆਧੁਨਿਕ ਪੰਜਾਬੀ ਵਾਰਤਕ ਅੰਦਰ ਵਧੇਰੇ ਪੱਛਮ ਦੇ ਪ੍ਰਭਾਵ ਅਧੀਨ ਆਇਆ। ਜਦੋਂ ਕਿ ਭਾਰਤੀ ਅਤੇ ਪੁਰਾਤਨ ਪੰਜਾਬੀ ਸਾਹਿਤ ਅੰਦਰ ਇਸ ਦੇ ਅੰਸ਼ ਮੌਜੂਦ ਹਨ। ਭਾਵੇਂ ਪੰਜਾਬੀ ਨਿਬੰਧਕਾਰਾਂ ਨੇ ਇਸ ਨੂੰ ਅਪਣਾਇਆ ਵੀ ਹੋਵੇ ਪਰ ਫੇਰ ਵੀ ਇਸ ਵਾਰਤਕ ਵਿਧਾ ਲਈ ਉਹ ਪੱਛਮ ਦੇ ਰਿਣੀ ਹਨ।

ਨਿਬੰਧ ਨੂੰ ਅੰਗਰੇਜ਼ੀ ਵਿੱਚ ' Essay ' ਆਖਦੇ ਹਨ। ਅੰਗਰੇਜ਼ੀ ਅਤੇ ਪੰਜਾਬੀ ਭਾਸ਼ਾਵਾਂ ਦੇ ਕੋਸ਼ਾਂ ਅਨੁਸਾਰ ਨਿਬੰਧ (Essay) ਸ਼ਬਦ ਦੇ ਅਰਥ ਹਨ : ਕੋਸ਼ਿਸ਼ ਕਰਨਾ , ਜਤਨ ਕਰਨਾ , ਹੱਥ ਪਾਉਣਾ ਆਦਿਕ । ਅੰਗਰੇਜ਼ੀ ਭਾਸ਼ਾ ਦਾ ਸ਼ਬਦ ( Essay ) ਫਰਾਂਸੀਸੀ ਭਾਸ਼ਾ ਦੇ ਸ਼ਬਦ ( Essai ) ਦਾ ਸਮ - ਅਰਥੀ ਹੈ।ਨਿਬੰਧ ਦਾ ਜਨਮਦਾਤਾ ਫਰਾਂਸੀਸੀ ਵਿਦਵਾਨ ਮੋਨਤੇਨ ਨੂੰ ਮੰਨਿਆ ਜਾਂਦਾ ਹੈ। ਉਸਨੇ 1580 ਈ . ਵਿਚ ਆਪਣੇ ਆਤਮ ਵਿਵੇਚਨਾਤਮਕ , ਦਾਰਸ਼ਨਿਕ ਅਤੇ ਨੀਤੀ ਸੰਬੰਧੀ ਲੇਖਾਂ ਦੇ ਸੰਗ੍ਰਹਿ ਦਾ ਨਾਂ Essais ਰੱਖ ਕੇ ਪਹਿਲੀ ਵਾਰ ਇਸ ਸ਼ਬਦ ਦਾ ਪ੍ਰਯੋਗ ਸਾਹਿਤਿਕ ਅਰਥਾਂ ਵਿਚ ਕੀਤਾ । ਇਹ ਗੱਲ ਵੀ ਦਿਲਚਸਪ ਹੈ ਕਿ ਸੋਲ੍ਹਵੀਂ ਸਦੀ ਈਸਵੀ ਦੇ ਅਖੀਰ ਤੱਕ ਅੰਗਰੇਜ਼ੀ

ਵਿਚ (Essay) ਦੀ ਥਾਂ (Assay ) ਸ਼ਬਦ ਪ੍ਰਚਲਿਤ ਸੀ , ਜਿਸਦਾ ਅਰਥ ਹੈ : ਤੋਲਣਾ , ਪਰਖਣਾ ਜਾਂ ਨਿਰਖਣਾ ਤਾਂ ਜੋ ਕਿਸੇ ਵਸਤੂ ਜਾਂ ਵਿਅਕਤੀ ਦੇ ਗੁਣਾਂ ਦੀ ਯੋਗਤਾ ਪਰਖੀ ਜਾ ਸਕੇ।

ਸੰਸਕ੍ਰਿਤ ਭਾਸ਼ਾ ਅਨੁਸਾਰ “ ਨਿਬੰਧ ' ਸ਼ਬਦ ਦਾ ਅਰਥ ਹੈ- ਬੰਨਣਾ । ਪ੍ਰਾਚੀਨ ਕਾਲ ਵਿਚ ਛਾਪੇਖ਼ਾਨੇ ਆਦਿ ਦੀ ਅਣਹੋਂਦ ਕਾਰਨ ਰਿਸ਼ੀ - ਮੁਨੀ ਆਪਣੇ ਭਾਵਾਂ ਅਤੇ ਵਿਚਾਰਾਂ ਨੂੰ ਤਾਲ ਦੇ ਪੱਤਿਆਂ , ਭੋਜਪੱਤ੍ਰਾਂ, ਲੱਕੜ ਦੀਆਂ ਤਖ਼ਤੀਆਂ ਆਦਿ ' ਤੇ ਅੰਕਿਤ ਕਰਦੇ ਸਨ ਅਤੇ ਇਹਨਾਂ ਨੂੰ ਖਿੰਡ ਕੇ ਨਸ਼ਟ ਹੋ ਜਾਣ ਦੇ ਡਰੋਂ ਸਾਵਧਾਨੀ ਨਾਲ ਇਕੱਤਰ ਕਰਕੇ ਬੰਨ੍ਹ ਦਿੰਦੇ ਸਨ । ਭੋਜ - ਪੱਤਰਾਂ ਆਦਿ ਨੂੰ ਬੰਨ੍ਹਣ ਦੀ ਇਸ ਕ੍ਰਿਆ ਨੂੰ ਨਿਬੰਧ ਕਿਹਾ ਜਾਂਦਾ ਸੀ । ਇਸ ਪ੍ਰਕਾਰ ਨਿਬੰਧ ਸ਼ਬਦ ਆਰੰਭ ਵਿਚ ਬੰਨ੍ਹਣ ਜਾਂ ਸੰਗ੍ਰਹਿ ਕਰਨ ਦੇ ਲਈ ਵਰਤਿਆ ਜਾਂਦਾ ਸੀ  ਪਰ ਸਮੇਂ ਦੀ ਗਤੀ ਨਾਲ ਬੰਨ੍ਹਣ ਅਤੇ ਇਕੱਤਰ ਕਰਨ ਦਾ ਅਰਥ ਆਧਾਰ ਸਮੱਗਰੀ ’ ਤੇ ਲਿਖੇ ਭਾਵਾਂ ਅਤੇ ਵਿਚਾਰਾਂ ਨਾਲ ਜੁੜ ਗਿਆ ਅਤੇ ਅਜੋਕੇ ਸਮੇਂ ਤੱਕ ਪਹੁੰਚਦਿਆਂ ਇਕ ਵਿਸ਼ੇਸ਼ ਪ੍ਰਕਾਰ ਨਾਲ ਬੰਨ੍ਹੇ , ਕਸੇ ਅਤੇ ਸਾਹਿਤ ਭਾਵਾਂ ਨਾਲ ਜੁਗਤ ਰਚਨਾ ਨਿਬੰਧ ਕਹਾਉਣ ਲੱਗੀ । ਪਰੰਤੂ ਹੌਲੀ-ਹੌਲੀ ਇਸ ਦੇ ਅਰਥ ਬਦਲ ਗਏ। ਹੁਣ ਨਿਬੰਧ ਤੋ ਭਾਵ ਉਹ ਲਿਖਤ ਲਿਆ ਜਾਣ ਲੱਗਾ ਜਿਸ ਵਿਚ ਕਈ ਤਰ੍ਹਾਂ ਦੇ ਵਿਚਾਰਾਂ , ਦਲੀਲਾਂ ਅਤੇ ਵਿਆਖਿਆ ਸੁਮਿਸ਼ਰਣ ਹੋਵੇ।

ਪੰਜਾਬੀ ਵਿਚ ਨਿਬੰਧ ਤੋਂ ਪਹਿਲੇ ਨਿਬੰਧ-ਸਾਹਿਤ ਲਈ ' ਲੇਖ ' ਸ਼ਬਦ ਵਧੇਰੇ ਪ੍ਰਚੱਲਿਤ ਸੀ । ਇਸੇ ਲਈ ਸ਼ਾਇਦ

ਪੰਜਾਬੀ ਵਿਚ ਚੋਟੀ ਦੇ ਨਿਬੰਧਕਾਰ ਪੂਰਨ ਸਿੰਘ ਨੇ ਆਪਣੇ ਨਿਬੰਧ - ਸੰਗ੍ਰਹਿ ਦਾ ਨਾਮ ' ਖੁੱਲ੍ਹੇ ਲੇਖ ' ਰੱਖਿਆ ਹੈ । ਨਿਬੰਧ ਵਾਰਤਕ ਦਾ ਨਿਵੇਕਲਾ ਸਾਹਿਤ ਰੂਪ ਹੈ। ਕਿਸੇ ਇੱਕ ਵਿਦਵਾਨ ਦੁਆਰਾ ਇਸ ਨੂੰ ਸੰਪੂਰਨ ਤੌਰ ਤੇ ਪਰਿਭਾਸ਼ਿਤ ਨਹੀਂ ਕੀਤਾ ਜਾ ਸਕਿਆ ।

ਐਨਸਾਈਕਲੋਪੀਡੀਆ ਬ੍ਰਿਟੇਨਿਕਾ ਅਨੁਸਾਰ , " ਨਿਬੰਧ ਤੋਂ ਭਾਵ ਅਜਿਹੀ ਸਾਹਿਤਕ ਰਚਨਾ ਹੈ ਜੋ ਦਰਮਿਆਨੇ ਜਾਂ ਉਚਿਤ ਆਕਾਰ ਦੀ ਹੁੰਦੀ ਹੈ ਅਤੇ ਜਿਸ ਰਾਹੀਂ ਲੇਖਕ ਆਪਣੇ ਨਿੱਜੀ ਅਨੁਭਵ ਅਤੇ ਨਿੱਜੀ ਦ੍ਰਿਸ਼ਟੀਕੋਣ ਦੇ ਆਧਾਰ ਉੱਤੇ ਕਿਸੇ ਇੱਕ ਵਿਸ਼ੇ ਤੇ ਆਪਣੇ ਵਿਚਾਰ ਸਹਿਜ - ਸੁਭਾ ਜਾਂ ਸਰਸਰੀ ਤੌਰ ਤੇ ਪ੍ਰਗਟ ਕਰਦਾ ਹੈ ।

ਡਾ: ਜਾਨਸਨ ਨਿਬੰਧ ਨੂੰ " ਮਨ ਦਾ ਬੇਲਗਾਮ ਵੇਗ ' ਆਖਦਾ ਹੈ। ਦੁਨੀਆ ਭਰ ਦੇ ਵਿਦਵਾਨਾਂ ਨੇ ਨਿਬੰਧਕਾਰ ਦੇ ਨਿੱਜੀ ਅਨੁਭਵ , ਨਿੱਜੀ ਦ੍ਰਿਸ਼ਟੀਕੋਣ , ਨਿੱਜੀ ਨਿਰੀਖਣ ਅਤੇ ਨਿੱਜੀ ਪ੍ਰਭਾਵਾਂ ਉੱਤੇ ਜ਼ੋਰ ਦਿੱਤਾ ਹੈ ।ਆਪਣੇ ਅੰਦਰ ਸਮੇਟਣ ਉਪਰੰਤ ਜਦੋਂ ਯੋਜਨਾ ਤਹਿਤ ਜਾਂ ਸਹਿਜ ਸੁਭਾ ਢੰਗ ਨਾਲ ਸੰਬੰਧਿਤ ਵਿਸ਼ੇ ਦਾ ਨਿਰੂਪਣ ਕਰਦੇ ਹਨ ਤਾਂ ਆਮ ਕਰਕੇ ਇੱਕ ਵਧੀਆ ਨਿਬੰਧ ਬਣ ਜਾਂਦਾ ਹੈ।

ਡਾ: ਭੁਪਿੰਦਰ ਸਿੰਘ ਗਰੇਵਰ ਨਿਬੰਧ ਨੂੰ ਇਕ ਸੀਮਤ ਅਕਾਰ ਵਾਲੀ ਆਪਣੇ-ਆਪ ਵਿੱਚ ਸੰਪੂਰਣ ਇਕ ਅਜਿਹੀ ਵਾਰਤਕ ਰਚਨਾ ਦੱਸਦੇ ਹਨ ਜਿਸ ਵਿੱਚ ਨਿਬੰਧਕਾਰ ਆਪਣਾ ਨਿੱਜ , ਦ੍ਰਿਸ਼ਟੀਕੋਣ , ਵਰਣਿਤ ਵਿਸ਼ੇ ਦੇ ਸੰਬੰਧ ਵਿੱਚ ਇੱਕ ਸਰਲ  ਸਾਦੀ, ਸਪੱਸ਼ਟ

ਪਰ ਦਲੀਲ ਭਰਪੂਰ ਵਿਚਾਰ ਲੜੀ ਦੇ ਰੂਪ ਵਿਚ ਪੇਸ਼ ਕਰਦਾ ਹੈ। ਨਿਬੰਧਕਾਰ ਦੀ ਰਚਨਾ ਦਾ ਆਧਾਰ ਮਨੁੱਖੀ ਮਨੋਭਾਵ ਹੁੰਦੇ ਹਨ। ਨਿਬੰਧ ਦੀ ਰਚਨਾ ਗੱਦ ਵਿੱਚ ਹੁੰਦੀ ਹੈ। ਉਸ ਦਾ ਆਕਾਰ ਛੋਟਾ ਹੁੰਦਾ ਹੈ। ਵੱਧ ਤੋਂ ਵੱਧ ਭਾਵਾਂ ਨੂੰ ਥੋੜ੍ਹੇ ਤੋਂ ਥੋੜ੍ਹੇ ਸ਼ਬਦਾਂ ਵਿਚ ਅੰਕਿਤ ਕਰਨਾਂ ਉਸ ਦੀ ਸਫਲਤਾ ਦਾ ਸੂਚਕ ਹੁੰਦਾ ਹੈ। ਨਿਬੰਧ ਦੇ ਜਨਮਦਾਤਾ ਮੰਨੇ ਜਾਂਦੇ ਵਿਦਵਾਨ ਮੋਨਤੇਨ  ਅਨੁਸਾਰ, ਨਿਬੰਧ ਵਿਚਾਰਾਂ ,ਉਦਾਹਰਣਾਂ ਅਤੇ ਕਥਾਵਾਂ ਦਾ ਮਿਸ਼ਰਣ ਹੈ।

## ਨਿਬੰਧ ਦੇ ਤੱਤ:

ਨਿਬੰਧ ਦੇ ਤੱਤਾਂ ਬਾਰੇ ਵਿਦਵਾਨਾਂ ਦੇ ਵੱਖਰੇ ਵੱਖਰੇ ਵਿਚਾਰ ਹਨ। ਨਿਬੰਧ ਦੇ ਸਰਵ ਪ੍ਰਵਾਨਿਤ ਤੱਤ ਹਨ -ਮੰਤਵ ਜਾਂ ਮਨੋਰਥ , ਵਿਸ਼ਾ/ਭਾਵ ਤੇ ਵਿਚਾਰ, ਸੰਗਲੀ ਬੱਧਤਾ , ਵਿਅਕਤੀਤਵ ਛਾਪ , ਕਲਪਨਾ, ਕਲਾ ਪੱਖ, ਭਾਸ਼ਾ ਤੇ ਸ਼ੈਲੀ

**ਮੰਤਵ ਤੇ ਮਨੋਰਥ:** ਨਿਬੰਧਕਾਰ ਦਾ ਨਿਬੰਧ ਲੇਖਣ ਦਾ ਕੋਈ ਨਾ ਕੋਈ ਵਿਸ਼ੇਸ਼ ਮਨੋਰਥ ਹੁੰਦਾ ਹੈ। ਉਹ ਕਿਸੇ ਸਿਧਾਂਤ ਜਾਂ ਭਾਵ ਨੂੰ ਆਪਣੇ ਵਿਚਾਰ ਅਨੁਸਾਰ ਪ੍ਰਗਟਾਉਣਾ ਚਾਹੁੰਦਾ ਹੈ । ਕਿਸੇ ਖਾਸ ਨੁਕਤੇ ਨੂੰ ਉਘਾੜਨਾ ਤੇ ਪਾਠਕਾਂ ਤਕ ਪਹੁੰਚਾਉਣਾ ਉਸ ਦਾ ਮੁੱਖ ਮੰਤਵ ਹੁੰਦਾ ਹੈ।

**ਵਿਸ਼ਾ/ਭਾਵ ਤੇ ਵਿਚਾਰ:** ਨਿਬੰਧ ਦਾ ਕੇਂਦਰ ਭਾਵ ਜਾਂ ਵਿਚਾਰ ਹੋਣਾ ਚਾਹੀਦਾ ਹੈ। ਜਿਸ ਨੂੰ ਰੌਚਕ ਅਤੇ ਕਲਾ ਪੂਰਨ ਢੰਗ ਨਾਲ

ਪ੍ਰਗਟਾਇਆ ਗਿਆ ਹੋਵੇ। ਨਿਬੰਧ ਇੱਕ ਬੌਧਿਕ ਰਚਨਾ ਹੁੰਦੀ ਹੈ , ਜਿਸ ਵਿੱਚ ਤਰਕ ਦਲੀਲ ਅਤੇ ਵਿਚਾਰਾਂ ਦੀ ਪ੍ਰਧਾਨਤਾ ਹੁੰਦੀ ਹੈ। ਵਿਚਾਰਾਤਮਕਤਾ ਨੂੰ ਨਿਬੰਧ ਦੀ ਜਾਨ ਮੰਨਿਆ ਜਾਂਦਾ ਹੈ। ਇਸ ਵਿਚ ਵਿਚਾਰਾਂ ਅਤੇ ਭਾਵਾਂ ਦੋਹਾਂ ਦਾ ਸੁਮੇਲ ਹੋਣਾ ਜ਼ਰੂਰੀ ਹੈ। ਨਿਬੰਧ ਵਿਚਲੇ ਭਾਵ ਤੇ ਵਿਚਾਰ ਮੌਲਿਕ ਵੀ ਹੋ ਸਕਦੇ ਹਨ ਅਤੇ ਕਿਸੇ ਹੋਰ ਦੁਆਰਾ ਪ੍ਰਗਟਾਏ ਵੀ ਹੋ ਸਕਦੇ ਹਨ।

ਸੰਗਲੀ ਬੱਧਤਾ: ਸੰਗਲੀ ਬੱਧਤਾ ਤੋਂ ਭਾਵ ਹੈ - ਵਿਚਾਰਾਂ ਦਾ ਇੱਕ ਲੜੀ ਵਿਚ ਪਰੋਇਆ ਹੋਣਾ। ਇੱਕ ਸਫਲ ਨਿਬੰਧਕਾਰ ਵਿਸ਼ੇ ਦੇ ਸੰਬੰਧ ਵਿੱਚ ਪਹਿਲਾਂ ਇੱਕ ਨਿੱਕੀ ਜਿਹੀ ਭੂਮਿਕਾ ਤਿਆਰ ਕਰਦਾ ਹੈ। ਮੁੜ ਵਿਸ਼ੇ ਨੂੰ ਸੰਖੇਪ ਵਿੱਚ ਸਮਝਾਉਂਦਾ ਹੈ। ਇਸ ਤਰਾਂ ਪੂਰੀ ਰਚਨਾ ਪਰਸਪਰ ਗੁੰਦੀ ਹੋਈ ਜਾਪਦੀ ਹੈ।

ਕਲਪਨਾ: ਕਲਪਨਾ ਰਚਨਾ ਨੂੰ ਆਕਰਸ਼ਣ ਅਤੇ ਰੌਚਕਤਾ ਪ੍ਰਦਾਨ ਕਰਦੀ ਹੈ। ਇਹੀ ਕਲਪਨਾ ਉਡਾਰੀ ਕਾਰਨ ਸਿਤਾਰਿਆਂ ਤੋਂ ਬਾਹਰ ਅਣਦਿੱਸਦੇ ਮੰਡਲਾਂ ਵਿੱਚ ਪਹੁੰਚ ਕੇ ਅਗੰਮੀ ਦੇਸ਼ਾਂ ਦੇ ਗੁੱਝੇ ਭੇਦਾਂ ਦੀ ਪੇਸ਼ਕਾਰੀ ਸੰਭਵ ਹੁੰਦੀ ਹੈ। ਇੱਕ ਉੱਚ-ਕੋਟੀ ਦੀ ਨਿਬੰਧ ਸਿਰਜਣਾ ਲਈ ਜ਼ਰੂਰੀ ਹੈ ਕਿ ਲੇਖਕ ਆਪਣੇ ਵਿਚਾਰਾਂ ਅਤੇ ਮਨ ਦੇ ਭਾਵਾਂ ਨੂੰ ਕਲਪਨਾ ਦੀ ਛੋਹ ਦੇ ਕੇ ਇਸ ਤਰ੍ਹਾਂ ਪੇਸ਼ ਕਰੇ ਕਿ ਉਸਦੀ ਰਚਨਾ ਪਾਠਕ ਨੂੰ ਅਨੰਦ ਵੀ ਪ੍ਰਦਾਨ ਕਰੇ ਅਤੇ ਉਸਦੇ ਗਿਆਨ ਵਿੱਚ ਵੀ ਵਾਧਾ ਕਰੇ।

**ਵਿਅਕਤਿਤਵ ਦੀ ਛਾਪ:** ਨਿਬੰਧ ਵਿੱਚ ਵਿਸ਼ਾ ਵਿਚਾਰ ਜਾਂ ਵਸਤੂ ਦਾ ਵਿਸ਼ਲੇਸ਼ਣ ਕਰਨ ਵਿੱਚ ਲੇਖਕ ਦੀ ਨਿੱਜੀ ਰੁਚੀ, ਵਿਚਾਰਧਾਰਾ ਅਤੇ ਅਨੁਭਵ ਦਾ ਪ੍ਰਗਟਾਵਾ ਹੁੰਦਾ ਹੈ। ਸੋ, ਹਰ ਨਿਬੰਧ ਤੇ ਉਸ ਦੇ ਰਚਣਹਾਰੇ ਦੇ ਵਿਅਕਤਿਤਵ ਜਾਂ ਸ਼ਖਸੀਅਤ ਦੀ ਛਾਪ ਜ਼ਰੂਰ ਹੁੰਦੀ ਹੈ। ਨਿਬੰਧ ਵਿੱਚ ਨਿਬੰਧਕਾਰ ਦੇ ਆਪੇ ਦੀ ਛਾਪ ਸਾਹਿਤ ਦੇ ਦੂਸਰੇ ਰੂਪਾਂ ਦੀ ਤੁਲਨਾ ਵਿੱਚ ਵਧੇਰੇ ਹੁੰਦੀ ਹੈ। ਵਿਭਿੰਨ ਲੇਖਕ ਇੱਕ ਹੀ ਵਿਸ਼ੇ ਨੂੰ ਇਹਨਾ ਵਿਅਕਤੀਗਤ ਭਿੰਨਤਾਵਾਂ ਦੇ ਕਾਰਨ ਵਿਭਿੰਨ ਦ੍ਰਿਸ਼ਟੀਕੋਣ ਤੋਂ ਪਰਖਦੇ ਅਤੇ ਪੇਸ਼ ਕਰਦੇ ਹਨ। ਨਿਬੰਧ ਵਿਚ ਨਿਬੰਧਕਾਰ ਪਾਠਕ ਨੂੰ ਸਿੱਧਾ ਸੰਬੋਧਤ ਹੁੰਦਾ ਹੈ।

**ਭਾਸ਼ਾ ਅਤੇ ਸ਼ੈਲੀ:** ਨਿਬੰਧ ਦੀ ਭਾਸ਼ਾ ਨਿਬੰਧ ਵਿਚ ਪੇਸ਼ ਕੀਤੇ ਜਾਣ ਵਾਲੇ ਭਾਵਾਂ ਅਤੇ ਵਿਚਾਰਾਂ ਦੇ ਅਨੁਕੂਲ ਹੋਣੀ ਚਾਹੀਦੀ ਹੈ। ਇੱਕ ਨਿਬੰਧਕਾਰ ਆਪਣੇ ਭਾਵਾਂ ਤੇ ਵਿਚਾਰਾਂ ਨੂੰ ਕਿਸ ਵਿਧੀ ਨਾਲ ਦਰਸਾਉਂਦਾ ਹੈ ਅਤੇ ਕਿਨ੍ਹਾਂ ਉੱਤੇ ਜ਼ੋਰ ਦਿੰਦਾ ਹੈ, ਇਹ ਨਿਬੰਧਕਾਰ ਦੀ ਸ਼ੈਲੀ ਅਤੇ ਬੋਲੀ ਨਾਲ ਸੰਬੰਧਿਤ ਹੁੰਦੇ ਹਨ। ਇਸੇ ਵਿਧੀ ਦੀ ਸਫਲ ਵਰਤੋਂ ਉੱਪਰ ਉਸ ਦੇ ਨਿਬੰਧ ਦੀ ਸਫ਼ਲਤਾ ਦਾ ਆਧਾਰ ਹੁੰਦਾ ਹੈ।

**ਕਲਾ ਪੱਖ:** ਜਿਥੋਂ ਤੱਕ ਨਿਬੰਧ ਦੇ ਕਲਾ ਪੱਖ ਦਾ ਸੰਬੰਧ ਹੈ ,ਉਸ ਦੇ ਰੂਪ ਦੀ ਮਰਿਆਦਾ ਅਨੁਸਾਰ ਦਰਮਿਆਨੀ ਜਾਂ ਛੋਟੇ ਆਕਾਰ ਦਾ ਹੋਣਾ ਜ਼ਰੂਰੀ ਹੈ। ਪਰ ਇਸਦੇ ਅਕਾਰ ਬਾਰੇ ਕੋਈ ਕਰੜੀ ਸੀਮਾ ਨਹੀਂ ਰੱਖੀ ਜਾ ਸਕਦੀ। ਨਿਬੰਧ ਦੀ ਬਣਤਰ ਵਿਧੀ ਦੀ ਸਭ ਤੋਂ

ਵੱਡੀ ਕਸੌਟੀ ਇਹ ਹੈ ਕਿ ਸਾਰਾ ਨਿਬੰਧ ਇਕ ਇਕਾਈ ਜਾਪੇ ਅਤੇ ਉਸ ਦੀ ਹੁਨਰੀ ਗੋਲਾਈ ਅਤੇ ਕਲਾ ਸੁੰਦਰਤਾ ਕਾਇਮ ਰਹੇ।

ਸਿੱਟੇ ਵਜੋਂ ਅਸੀਂ ਆਖ ਸਕਦੇ ਹਾਂ ਕਿ ਵੱਖ-ਵੱਖ ਵਿਦਵਾਨਾਂ ਨੇ ਆਪੋ ਆਪਣੇ ਢੰਗ ਨਾਲ ਨਿਬੰਧ ਨੂੰ ਪਰਿਭਾਸ਼ਿਤ ਕੀਤਾ ਹੈ। ਨਿਬੰਧ ਦੇ ਮੁੱਖ ਤੱਤ ਹਨ- ਵਿਸ਼ਾ ਤੇ ਪ੍ਰਭਾਵ , ਮੰਤਵ ਤੇ ਮਨੋਰਥ ,ਕਲਪਨਾ ਨਿਬੰਧਕਾਰ ਦੇ ਵਿਅਕਤੀਤਵ ਦੀ ਛਾਪ ,ਗੱਦਬੱਧਤਾ, ਸੰਗਲੀਬੱਧਤਾ ਆਦਿ। ਇਨ੍ਹਾਂ ਤੱਤਾਂ ਨੂੰ ਸੰਤੁਲਨ ਵਿਚ ਰੱਖਦਿਆਂ ਹੀ ਇਕ ਵਧੀਆ ਨਿਬੰਧ ਲਿਖਿਆ ਜਾ ਸਕਦਾ ਹੈ।

ਤਿਆਰ ਕਰਤਾ: ਊਸ਼ਾ ਰਾਣੀ
ਪੰਜਾਬੀ ਅਧਿਆਪਕਾ
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ
ਮੱਤੇਵਾਲ, ਅੰਮ੍ਰਿਤਸਰ